ਬਾ ਅਦਾਲਤ (ਡਾ. ਜੀ.ਵਜਰਾਲਿੰਗਮ) ਰਜਿਸਟਰਾਰ ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ।

ਅਪੀਲ ਨੰ. 1 ਆਫ 2010

1 ਮਨਜੀਤ ਕੌਰ ਪਤਨੀ ਸ੍ਰੀ ਸੁਖਦੇਵ ਸਿੰਘ ਘਰ ਨੰ. 8 ਏ, ਹੀਰਾ ਨਗਰ ਪਟਿਆਲਾ।

2 ਹਰਜੀਤ ਕੌਰ ਪਤਨੀ ਸ੍ਰੀ ਹਰਚਰਨ ਸਿੰਘ ਰਿਹਾਇਸ ਰਣਜੀਤ ਨਗਰ ਸਿਉਣਾ ਰੋਡ ਪਟਿਆਲਾ।

(ਜਾਮਨ ਪਟੀਸਨਰ)

ਬਨਾਮ

1 ਦੀ ਪ੍ਰੇਮ ਨਗਰ ਕੋਆਪਰੇਟਿਵ ਲੇਬਰ ਅਤੇ ਕੰਨਸਟਰਕਸਨ ਸੁਸਾਇਟੀ ਲਿਮ. ਪਟਿਆਲਾ ਰਾਹੀਂ ਸਮਾਪਤਕਾਰ।

2 ਦੀ ਪਟਿਆਲਾ ਕੇਂਦਰੀ ਸਹਿਕਾਰੀ ਬੈਂਕ ਲਿਮ. ਮੇਨ ਬਰਾਚ ਨਾਭਾ ਰਾਹੀਂ ਮੈਨੇਜਰ (ਬੋਧ ਰਾਜ)

3 ਸੰਯੁਕਤ ਰਜਿਸਟਰਾਰ ਸਹਿਕਾਰੀ ਸਭਾਵਾਂ, ਪਟਿਆਲਾ।

(ਉਤਰਵਾਦੀ ਧਿਰ)

ਮਿਤੀ: 4-1-2010

ਹਾਜਰ : ਸ੍ਰੀ ਐਸ.ਐਸ.ਭੁੱਲਰ, ਵਕੀਲ ਪਟੀਸਨਰ।

ਹੁਕਮ

ਇਹ ਪਟੀਸਨ ਪਟੀਸਨਰ ਵਕੀਲ ਸ੍ਰੀ ਐਸ.ਐਸ.ਭੁੱਲਰ ਰਾਹੀਂ ਪੇਸ ਕੀਤੀ ਗਈ। ਪਟੀਸਨਰ ਵਕੀਲ ਵਲੋਂ ਆਪਣੀਆਂ ਦਲੀਲਾਂ ਪੇਸ ਕਰਦੇ ਹੋਏ ਦੱਸਿਆ ਗਿਆ ਕਿ ਉਤਰਵਾਦੀ ਧਿਰ ਨੰ. 1 (ਸਭਾ) ਹੁਣ ਸਮਾਪਤੀ ਅਧੀਨ ਆ ਚੁੱਕੀ ਹੈ। ਇਸ ਲਈ ਬੈਂਕ ਵਲੋਂ ਜੋ ਵੀ ਕਲੇਮ ਪੇਸ ਕਰਨਾ ਹੈ, ਉਹ ਸਮਾਪਤਕਾਰ ਪਾਸ ਦਾਇਰ ਕਰੇ। ਇਸ ਸਬੰਧੀ ਸਾਲਸੀ ਕੇਸ ਸੰਯੁਕਤ ਰਜਿਸਟਰਾਰ ਸ/ਸ ਪਟਿਆਲਾ ਜੀ ਸੁਣ ਰਹੇ ਹਨ। ਇਸ ਲਈ ਉਨ੍ਹਾਂ ਵਲੋਂ ਕੀਤੀ ਜਾ ਰਹੀ ਸੁਣਵਾਈ ਤੇ ਪਾਬੰਦੀ ਲਗਾ ਕੇ ਪਟੀਸਨ ਦਾ ਫੈਸਲਾ ਕੀਤਾ ਜਾਵੇ।

ਪੇਸ ਕੀਤੀਆਂ ਗਈਆਂ ਦਲੀਲਾਂ ਅਤੇ ਦਸਤਾਵੇਜਾ ਤੋਂ ਇਹ ਸਪਸਟ ਹੋ ਜਾਂਦਾ ਹੈ ਕਿ ਉਤਰਵਾਦੀ ਧਿਰ ਨੰ. 1 (ਸਭਾ) ਨੇ ਉਤਰਵਾਦੀ ਧਿਰ ਨੰ. 2 ( ਬੈਕ) ਪਾਸੋਂ 2300000/- ਲੱਖ ਰੁਪਏ ਦੀ ਕੈਸ ਕਰੈਡਿਟ ਲਿਮਟ ਲਈ ਹੋਈ ਸੀ। ਇਸ ਲਿਮਟ ਦੇ ਕਰਜੇ ਲਈ ਦੋਵੇ ਪਟੀਸਨਰਾਂ ਵਲੋਂ ਜਾਮਨੀ ਦਿੱਤੀ ਹੋਈ ਹੈ। ਬੈਂਕ ਵਲੋਂ ਸਭਾ ਦੇ ਵਿਰੁੱਧ ਪੰਜਾਬ ਕੋਆਪ. ਸੁਸਾਇਟੀਜ ਐਕਟ 1961 ਦੀ ਧਾਰਾ 55-56 ਅਧੀਨ ਸਾਲਸੀ ਕੇਸ ਤਿਆਰ ਕਰਨਾ ਕਾਨੂੰਨ ਅਨੁਸਾਰ ਸਹੀ ਹੈ ਅਤੇ ਬੈਂਕ ਨੂੰ ਇਸ ਧਾਰਾ ਅਧੀਨ ਵਸੂਲੀ ਕਰਨ ਦਾ ਪੂਰਾ ਹੱਕ ਹੈ। ਇਸ ਦਫਤਰ ਵਲੋਂ ਪੱਤਰ ਨੰ. ਰ.ਸ.ਸ./ਈ.ਐਂਡ.ਟੀ/ਆਈ.ਐਸ.ਡੀ./ਐਸ.ਓ./3349-ਏ ਮਿਤੀ 6-6-2000 ਰਾਹੀ ਜਾਰੀ ਗਾਈਡ ਲਾਈਨਜ ਫਾਰ ਲਿਕੁਡੇਸਨ ਆਫ ਕੋਆਪ. ਸੁਸਾਇਟੀਜ ਦੀ ਧਾਰਾ 3 (8) (2) ਅਤੇ 3.35 ਅਨੁਸਾਰ ਸਮਾਪਤਕਾਰ ਰਜਿਸਟਰਾਰ ਦੇ ਕੰਟਰੋਲ ਹੇਠ ਕੰਮ ਕਰਦਾ ਹੈ। ਇਸ ਲਈ ਸੰਯੁਕਤ ਰਜਿਸਟਰਾਰ ਸ/ਸ ਪਟਿਆਲਾ ਦੇ ਮਿਤੀ 3-11-09 ਦੇ ਫੈਸਲੇ ਨੂੰ ਬਹਾਲ ਰੱਖਦੇ ਹੋਏ ਪਟੀਸਨ ਦਾ ਨਿਪਟਾਰਾ ਕੀਤਾ ਜਾਂਦਾ ਹੈ। ਸੰਯੁਕਤ ਰਜਿਸਟਰਾਰ ਸ/ਸ ਪਟਿਆਲਾ ਨੂੰ ਸਾਲਸੀ ਕੇਸ ਦਾ ਫੈਸਲਾ ਇਕ ਮਹੀਨੇ ਦੇ ਅੰਦਰ ਅੰਦਰ ਕਰਨ ਲਈ ਪਾਬੰਦ ਕੀਤਾ ਜਾਂਦਾ ਹੈ।

ਫੈਸਲਾ ਖੁਲੀ ਅਦਾਲਤ ਵਿੱਚ ਸੁਣਾ ਦਿੱਤਾ ਗਿਆ। ਮਿਸਲ ਰਿਕਾਰਡ ਰੂਮ ਵਿਚ ਭੇਜੀ ਜਾਵੇ।

ਰਜਿਸਟਰਾਰ, 4/1/10

ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ।